# ਕੀ ਤੁਹਾਨੂੰ ਹੈਪੇਟਾਈਟਸ ਬੀ ਦਾ ਟੀਕਾ ਲਗਵਾਉਣਾ ਚਾਹੀਦਾ ਹੈ?



ਹੈਪੇਟਾਈਟਸ ਬੀ ਇੱਕ ਅਜਿਹਾ ਵਾਇਰਸ ਹੈ ਜੋ ਜਿਗਰ 'ਤੇ ਹਮਲਾ ਕਰਦਾ ਹੈ ਅਤੇ ਜਿਗਰ ਦੇ ਕੈਂਸਰ ਦਾ ਕਾਰਨ ਬਣ ਸਕਦਾ ਹੈ।

ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਵੀ ਨਹੀਂ ਹੁੰਦਾ ਕਿ ਉਹਨਾਂ ਨੂੰ ਹੈਪੇਟਾਈਟਸ ਬੀ ਹੈ ਕਿਉਂਕਿ ਉਹ ਕੋਈ ਲੱਛਣ ਜਾਂ ਬਿਮਾਰ ਮਹਿਸੂਸ ਨਹੀਂ ਕਰਦੇ ਹਨ, ਪਰ ਉਹ ਵਾਇਰਸ ਨੂੰ ਦੂਜਿਆਂ ਤੱਕ ਫੈਲਾਅ ਸਕਦੇ ਹਨ।

ਹੈਪੇਟਾਈਟਸ ਬੀ ਨੂੰ ਰੋਕਣ ਲਈ ਇੱਕ ਸੁਰੱਖਿਅਤ ਅਤੇ ਅਸਰਦਾਰ ਟੀਕਾ ਉਪਲਬਧ ਹੈ। ਪੂਰੀ ਤਰ੍ਹਾਂ ਸੁਰੱਖਿਅਤ ਰਹਿਣ ਲਈ ਤੁਹਾਨੂੰ ਟੀਕਿਆਂ ਦੀ ਲੜੀ ਨੂੰ ਪੂਰਾ ਕਰਨਾ ਜ਼ਰੂਰੀ ਹੈ।

## ਹੈਪੇਟਾਈਟਸ ਬੀ ਇਸ ਤਰ੍ਹਾਂ ਫੈਲਦਾ ਹੈ:

- ਜਨਮ ਦੌਰਾਨ ਗਰਭਵਤੀ ਔਰਤ ਤੋਂ ਬੱਚੇ ਨੂੰ
- ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਦੇ ਸੰਪਰਕ ਵਿੱਚ ਆਉਣ ਨਾਲ
- ਜਿਨਸੀ ਸੰਪਰਕ ਨਾਲ
- ਕਿਸੇ ਨਾਲ ਉਸਤਰਾ, ਦੰਦਾਂ ਦਾ ਬੁਰਸ਼, ਨਹੁੰ ਕੱਟਰ ਸਾਂਝਾ ਕਰਨ ਨਾਲ

## ਟੀਕਾਕਰਣ ਕਿਸ ਨੂੰ ਕਰਵਾਉਣਾ ਚਾਹੀਦਾ ਹੈ?

- ਸਾਰੇ ਨਵਜਾਤ
- ਜੋਖਮ ਸੰਬੰਧੀ ਕਾਰਕਾਂ ਦੀ ਪਰਵਾਹ ਕੀਤੇ ਬਿਨਾਂ, 59 ਸਾਲ ਤੱਕ ਦੀ ਉਮਰ ਦੇ ਸਾਰੇ ਬੱਚੇ ਅਤੇ ਬਾਲਗ ਜਿਹਨਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੈ
- 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗ, ਜਿਹਨਾਂ ਨੂੰ ਇਹਨਾਂ ਕਾਰਨਾਂ ਕਰਕੇ ਜੋਖਮ ਹੈ:
  - ਜਿਨਸੀ ਸੰਪਰਕ
  - ਚਮੜੀ ਜਾਂ ਮੂੰਹ ਰਾਹੀਂ ਖੂਨ ਤੱਕ ਸੰਕਰਮਣ ਪਹੁੰਚਣ ਦਾ ਜੋਖਮ
  - ਜੋ ਲੋਕ ਅਜਿਹੇ ਖੇਤਰਾਂ ਦੀ ਯਾਤਰਾ ਕਰਦੇ ਹਨ ਜਿੱਥੇ ਹੈਪੇਟਾਈਟਸ ਬੀ ਦਾ ਸੰਕਰਮਣ ਦਰਮਿਆਨੇ ਜਾਂ ਉੱਚ ਸਤਰ 'ਤੇ ਮੌਜੂਦ ਹੈ
  - ਜਿਗਰ ਦੀ ਗੰਭੀਰ ਬਿਮਾਰੀ ਜਾਂ HIV ਹੈ

**ਵਧੇਰੀ ਜਾਣਕਾਰੀ ਦੇ ਲਈ ਇੱਥੇ ਜਾਓ:**

**www.cdc.gov/hepatitis/hbv/**
**doh.wa.gov/hepbhub**

Hep B Hub
doh.wa.gov/hepbhub

Washington State Department of Health   DOH 420-407  May 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ। Minnesota Department of Health (ਮਿਨੀਸੋਟਾ ਸਿਹਤ ਵਿਭਾਗ) ਦੀ ਮਨਜ਼ੂਰੀ ਨਾਲ ਰੂਪਾਂਤਰਨ ਕੀਤਾ ਗਿਆ